# ਸਾਹਿਤਕ ਪੱਤਰਕਾਰੀ

ਸਾਹਿਤਕ ਪੱਤਰਕਾਰੀ :- ਸਾਹਿਤਕ ਪੱਤਰਕਾਰੀ ਤੋਂ ਭਾਵ ਹੈ ਕਿ "ਸਾਹਿਤ ਅਤੇ ਪੱਤਰਕਾਰੀ ਦੇ ਵੱਖ-ਵੱਖ ਅਰਥਾਂ ਵਾਲੇ ਅਨੁਸ਼ਾਸਨਾਂ ਦਾ ਜੋੜ"। ਇਸ ਲਈ ਸਾਹਿਤਕ ਪੱਤਰਕਾਰੀ ਦੇ ਅਰਥ ਅਤੇ ਪਰਿਭਾਸ਼ਤ ਕਰਨ ਤੋਂ ਪਹਿਲਾਂ ਜਰੂਰੀ ਹੈ ਕਿ 'ਸਾਹਿਤ' ਅਤੇ 'ਪੱਤਰਕਾਰੀ' ਦੋਹਾਂ ਨੂੰ ਵੱਖਰੇ-ਵੱਖਰੇ ਸੰਦਰਭਾਂ ਵਿੱਚ ਸਮਝਿਆ ਜਾਵੇ।

ਸਾਹਿਤ ਉਹ ਰਚਨਾ ਹੈ ਜਿਸ ਵਿੱਚ ਸਾਹਿਤਕਾਰ ਆਪਣੇ ਵਿਚਾਰਾਂ ਨੂੰ ਕਾਲਪਨਿਕ ਅਤੇ ਦਿਲ ਖਿੱਚਵੇਂ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸਾਹਿਤ ਕਿਉਂਕਿ ਸਮਾਜ ਲਈ ਅਤੇ ਸਮਾਜ ਵਿੱਚ ਹੀ ਰਚਿਆ ਜਾਂਦਾ ਹੈ। ਇਸ ਲਈ ਸਮਾਜ ਦਾ ਅਟੁੱਟ ਅੰਗ ਹੁੰਦਾ ਹੈ। ਸਾਹਿਤ ਕਾਲ ਦੀ ਸੀਮਾ ਤੋਂ ਮੁਕਤ ਹੁੰਦਾ ਹੈ ਕਿਉਂਕਿ ਇਹ ਇਤਿਹਾਸ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਵਰਤਮਾਨ ਵਿੱਚ ਗੁਜਰਦਾ ਹੋਇਆ ਭਵਿੱਖ ਵਿੱਚ ਦਾਖਲ ਹੁੰਦਾ ਹੈ। ਰਚਨੀਆਂ ਦੀ ਤਕਰੀਬਨ ਹਰ ਸਾਹਿਤ ਵਿਧਾਂ ਰੂਪਾਂ ਅਤੇ ਵਿਸ਼ੇਸ਼ਤਾਵਾਂ ਦਾ ਧਾਰਨੀ ਹੁੰਦੀ ਹੈ। ਜਿਵੇਂ ਸਾਹਿਤਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀ ਰਚਨਾ ਨਾਲ ਸਮਾਜ ਨੂੰ ਸੇਧ ਦੇਵੇ ਅਤੇ ਪਾਠਕ ਨੂੰ ਉਸ ਵਿੱਚ ਸੁਹਜ ਅਤੇ ਸੇਧ ਪ੍ਰਾਪਤ ਹੋਵੇ।

ਡਾ ਰਤਨ ਸਿੰਘ ਜੱਗੀ ਅਨੁਸਾਰ,

" ਸਾਹਿਤ ਇੱਕ ਸੂਖਮ ਕਲਾ

ਹੈ ਜਿਸਦਾ ਉਦੇਸ਼ ਸਮਾਜ ਸੁਧਾਰ ਉਪਜਾਉਣਾ ਤੇ ਇਸ ਰਾਹੀਂ ਇੱਕ ਚੰਗੇਰੇ ਜੀਵਨ ਲਈ ਪ੍ਰੇਰਣਾ ਹੈ। ਇਸੇ ਕਾਰਣ ਹੈ ਕਿ ਸਾਹਿਤ ਨੂੰ ਜਨਤਾ ਦੀ ਤਸਵੀਰ ਵੀ ਕਿਹਾ ਜਾਂਦਾ ਹੈ।

ਜਿੱਥੇ ਸਾਹਿਤ ਇੱਕ ਨਿਰੰਤਰ ਵਹਿਣ ਵਾਲੀ ਧਾਰਾ ਹੈ। ਉੱਥੇ ਪੱਤਰਕਾਰੀ ਵਰਤਮਾਨ ਨਾਲ ਸੰਬੰਧਿਤ ਇੱਕ ਅਜਿਹਾ ਪੇਸ਼ਾ ਹੈ ਜੋ ਤਤਕਾਲੀ ਖ਼ਬਰਾਂ ਅਤੇ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਸਮਾਚਾਰ ਪੱਤਰਾਂ, ਅਖ਼ਬਾਰਾਂ ਅਤੇ ਪੱਤਰਕਾਵਾਂ। ਮੈਗਜ਼ੀਨਾਂ ਦੁਆਰਾ ਕੀਤੀ ਜਾਂਦੀ ਹੈ। ਜ਼ਿਆਦਾਤਰ ਪੱਤਰ ਦੈਨਿਕ ਅਤੇ ਸਪਤਾਹਿਕ ਹੁੰਦੇ ਹਨ ਅਤੇ ਮੈਗਜ਼ੀਨ ਦੀ ਅਵਧੀ ਮਾਸਿਕ, ਦੋ ਮਾਸਿਕ, ਤ੍ਰੈ ਮਾਸਿਕ, ਛੇ ਮਾਸਿਕ, ਛਿਮਾਹੀ, ਸਲਾਨਾ ਹੁੰਦੀ ਹੈ। ਅਸਲ ਵਿੱਚ ਪੱਤਰਕਾਰੀ ਦਾ ਆਧੁਨਿਕ ਸਮਾਜ ਵਿੱਚ ਬਹੁਤ ਅਹਿਮ ਯੋਗਦਾਨ ਹੈ, ਕਿਉਂਕਿ ਕਿਸੇ ਵੀ ਵਾਪਰੀ ਘਟਨਾ ਦੀ ਸੂਚਨਾ ਪਾਠਕਾਂ ਤੱਕ ਪੱਤਰਕਾਰੀ ਜ਼ਰੀਏ ਹੀ ਸੰਭਵ ਹੁੰਦੀ ਹੈ। ਇਸ ਸੰਬੰਧੀ ਆਲੋਕ ਮਹਿਤਾ ਦੇ ਇਹ ਸ਼ਬਦ ਵਿਚਾਰੇ ਜਾ ਸਕਦੇ ਹਨ,

"ਪੱਤਰਕਾਰੀ ਪਾਠਕਾਂ ਨੂੰ ਦੱਸਦੀ ਹੈ ਕਿ ਉਸਦੇ ਆਲੇ ਦੁਆਲੇ ਕੀ ਵਾਪਰ ਰਿਹਾ ਹੈ। ਪੱਤਰਕਾਰੀ ~~ਦਾ ਉਦੇਸ਼~~ ਇੱਕ ਉਦਯੋਗ ਹੈ। ਇੱਕ ਪੇਸ਼ਾ ਹੈ। ਇਸਦੇ ਨਾਲ-ਨਾਲ ਇੱਕ ਮਿਸ਼ਨ ਵੀ ਹੈ। ਪੱਤਰਕਾਰੀ ਦੇ ਦੋ ਮੁੱਖ ਉਦੇਸ਼ ਹਨ ਪਹਿਲਾ ਸੂਚਨਾ ਦੇਣਾ ਤਾਂ ਘਟਨਾ ਦੀ ਰਿਪੋਰਟ ਕਰਨਾ ਦੂਸਰਾ

ਪਾਠਕ ਦੀ ਵਿਆਖਿਆ ਕੇਂਦਰੀ ਤਾਂ ਹੈ ਪਾਠ ਉੱਤੇ ਆਧਾਰਿਤ ਹੋਣੀ ਚਾਹੀਦੀ ।"

ਇਸ ਪ੍ਰਕਾਰ ਸਾਹਿਤ ਅਤੇ ਪੱਤਰਕਾਰੀ ਦੇ ਅੱਡ-ਅੱਡ ਅਨੁਸ਼ਾਸਨ ਹਨ। ਦੋਵਾਂ ਦੇ ਰੂਪ, ਸ਼ੈਲੀ, ਭਾਸ਼ਾ, ਸਰੋਕਾਰ ਆਦਿ ਵੱਖਰੇ-ਵੱਖਰੇ ਹਨ। ਅਸੀਂ ਸਾਹਿਤ ਨੂੰ ਕਦੀ ਵੀ ਪੱਤਰਕਾਰੀ ਦੇ ਸਾਂਚੇ ਵਿਚ ਨਹੀਂ ਢਾਲ ਸਕਦੇ ਅਤੇ ਪੱਤਰਕਾਰੀ ਕਦੀ ਸਾਹਿਤ ਨਹੀਂ ਹੋ ਸਕਦੀ। ਪਰ ਜਦੋਂ ਅਸੀਂ ਸਾਹਿਤਕ ਪੱਤਰਕਾਰੀ ਦੀ ਗੱਲ ਕਰਦੇ ਹਾਂ ਤਾਂ ਮੁੱਖ ਤੌਰ ਤੇ ਜੋ ਗੱਲ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਸਾਹਿਤਕ ਪੱਤਰਕਾਰੀ ਸਾਹਿਤ ਦੇ ਰੂਪ ਨੇੜੇ ਹੈ ਜਾਂ ਪੱਤਰਕਾਰੀ ਦੇ? ਇਸਨੂੰ ਕਿਸੀ ਵਿਧਾ ਵਿਚ ਰੱਖਿਆ ਜਾਵੇ? ਕੀ ਸਾਹਿਤਕ ਪੱਤਰਕਾਰੀ ਆਪਣੇ ਆਪ ਵਿਚ ਇਕ ਨਵੀਂ ਅਤੇ ਸੁਤੰਤਰ ਵਿਧਾ ਹੈ? ਕੀ 'ਸਾਹਿਤਕ ਪੱਤਰਕਾਰੀ' ਦੇ ਸਰੋਕਾਰ ਅਤੇ ਵਿਸ਼ੇਸ਼ਤਾਵਾਂ 'ਸਾਹਿਤ' ਅਤੇ 'ਪੱਤਰਕਾਰੀ' ਨਾਲੋਂ ਅਲੱਗ ਹਨ? ਇਹਨਾਂ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਜ਼ਰੂਰੀ ਹੈ ਕਿ ਅਸੀਂ 'ਸਾਹਿਤਕ ਪੱਤਰਕਾਰੀ' ਨੂੰ ਚੰਗੀ ਤਰ੍ਹਾਂ ਸਮਝੀਏ ਅਤੇ ਵਿਚਾਰੀਏ।

ਜਦੋਂ ਅਸੀਂ ਸਾਹਿਤਕ ਪੱਤਰਕਾਰੀ ਨੂੰ ਪ੍ਰਮਾਣਿਤ ਸ਼ਬਦਾਂ ਵਿਚ ਵਿਆਖਿਆਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਸ ਨਾਲ ਸੰਬੰਧਿਤ ਦੋ ਅਲੱਗ-ਅਲੱਗ ਧਾਰਨਾਵਾਂ ਉਜਾਗਰ ਹੁੰਦੀਆਂ ਹਨ। ਇਹਨਾਂ ਦੋਵਾਂ ਧਾਰਨਾਵਾਂ ਵਿਚ 'ਸਾਹਿਤਕ ਪੱਤਰਕਾਰੀ' ਨੂੰ ਦੋ ਵੱਖ-ਵੱਖ ਅਰਥਾਂ ਵਿਚ ਪਰਿਭਾਸ਼ਿਤ ਅਤੇ ਪੇਸ਼ ਕੀਤਾ ਗਿਆ ਹੈ। ਇਸ ਕਰਕੇ ਸਾਹਿਤਕ ਪੱਤਰਕਾਰੀ ਖ਼ਾਸ ਕਰਕੇ ਪੰਜਾਬੀ ਦੀ ਸਾਹਿਤਕ ਪੱਤਰਕਾਰੀ' ਨੂੰ ਸਮਝਣ ਲਈ ਸਾਨੂੰ ਦੋਹਾਂ ਧਾਰਨਾਵਾਂ ਜਾਂ ਇਹ ਕਿਹਾ ਜਾਵੇ ਕਿ 'ਸਾਹਿਤਕ ਪੱਤਰਕਾਰੀ ਨਾਲ ਸੰਬੰਧਿਤ ਦੋ ਵੱਖ-ਵੱਖ ਸਰੂਪਾਂ ਬਾਰੇ ਵਿਸਥਾਰ ਨਾਲ ਚਰਚਾ ਕਰਨੀ ਪਵੇਗੀ।

# ਸਾਹਿਤਕ ਪੱਤਰਕਾਰੀ ਸੰਬੰਧੀ ਪਰਿਭਾਸ਼ਾ ਸਰੂਪ



ਪਹਿਲੇ ਸਰੂਪ ਨੂੰ ਮਾਨਤਾ ਦੇਣ ਵਾਲੇ ਵਿਦਵਾਨਾਂ ਦਾ ਦ੍ਰਿਸ਼ਟੀਕੋਣ ਹੈ ਕਿ 'ਸਾਹਿਤਕ ਪੱਤਰਕਾਰੀ' ਉਹ ਹੈ ਜਦੋਂ ਸਾਹਿਤ ਦੇ ਵੱਖ-ਵੱਖ ਰੂਪ ਜਿਵੇਂ ਨਾਵਲ, ਕਹਾਣੀ, ਨਾਟਕ, ਕਵਿਤਾ, ਗ਼ਜ਼ਲ, ਗੀਤ, ਰਿਪੋਰਤਾਜ, ਸਫ਼ਰਨਾਮਾ, ਰੇਖਾ ਚਿੱਤਰ, ਆਲੋਚਨਾ, ਪੁਸਤਕ ਰੀਵਿਊ ਆਦਿ ਪੱਤਰਾਂ ਅਤੇ ਪੱਤਰਕਾਵਾਂ ਵਿੱਚ ਛਪ ਕੇ ਲੋਕਾਂ ਤੱਕ ਪਹੁੰਚਦੇ ਹਨ। ਇਸ ਤਰ੍ਹਾਂ ਇਸ ਸਰੂਪ ਦੇ ਸਮਰਥਕ ਵਿਦਵਾਨ 'ਸਾਹਿਤਕ ਪੱਤਰਕਾਰੀ' ਨੂੰ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆਂ ਨਾਲ ਜੋੜਦੇ ਹਨ, ਜਦੋਂ ਸਾਹਿਤਕ ਪੱਤਰਕਾਰੀ ਦੇ ਰੂਪ ਦਾ ਦੌਰ ਸ਼ੁਰੂ ਹੋਇਆ ਸੀ। ਹਿੰਦੀ ਸਾਹਿਤ ਦੇ ਜ਼ਿਆਦਾਤਰ ਵਿਦਵਾਨ ਪਹਿਲੇ ਸਰੂਪ ਦੇ ਸਮਰਥਕ ਹਨ। ਹਿੰਦੀ ਦੇ ਕਈ ਸਾਹਿਤਕਾਰਾਂ ਨੇ ਸਾਹਿਤ ਰਚਨਾ ਦੇ ਨਾਲ-ਨਾਲ ਕਈ ਨਾਮਵਰ ਸਾਹਿਤਕ ਪੱਤਰਕਾਵਾਂ ਦਾ ਸੰਪਾਦਨ ਵੀ ਕੀਤਾ। ਜਿਵੇਂ ਕਿ ਮੁਨਸ਼ੀ ਪ੍ਰੇਮ ਚੰਦ ਨੇ ਹੰਸ, ਮਾਧੁਰੀ, ਜਾਗਰਣ ਦਾ ਸੰਪਾਦਨ ਕੀਤਾ। ਹੰਸ ਉਸ ਸਮੇਂ ਦੀ ਬਹੁਤ ਪ੍ਰਸਿੱਧ ਸਾਹਿਤਕ ਪੱਤ੍ਰਿਕਾ ਸੀ। ਸੂਰਜ ਕਾਂਤ ਤ੍ਰਿਪਾਠੀ ਨਿਰਾਲਾ ਨੇ ਵੀ ਸਰਸਵਤੀ, ਆਦਰਸ਼ ਅਤੇ ਮਤਵਾਲਾ ਦਾ ਸੰਪਾਦਨ ਕੀਤਾ। ਮਤਵਾਲਾ ਵਿੱਚ ਨਿਰਾਲਾ ਜੀ ਦੀਆਂ ਕਵਿਤਾਵਾਂ ਪਹਿਲਾਂ ਛਪੀ ਆਦਤ ਬਣ ਗਈਆਂ ਸਨ। ਇਸ ਤਰ੍ਹਾਂ ਹੋਰ ਵੀ ਕਈ ਸਾਹਿਤਕਾਰਾਂ ਨੇ ਪੱਤਰਕਾਰੀ ਕਰਦੇ

16-17 ਨਵੰਬਰ, 2011 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸਾਹਿਤਕ ਪੱਤਰਕਾਰੀ ਬਾਰੇ ਪੜ੍ਹੇ ਗਏ ਪਰਚਿਆਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਦੇ ਵੀ ਬਹੁਤ ਸਾਰੇ ਵਿਦਵਾਨ ਪਹਿਲੇ ਸਰੂਪ ਦੇ ਧਾਰਨੀ ਹਨ। ਪੰਜਾਬੀ ਸਾਹਿਤਕ ਪੱਤਰਕਾਰੀ ਦਾ ਆਰੰਭ ਵੀ ਪੰਜਾਬੀ ਦੀਆਂ ਮਾਸਿਕੀਆਂ ਸਾਹਿਤਕ ਪੱਤਰਕਾਵਾਂ ਤੋਂ ਹੀ ਮੰਨਿਆ ਜਾਂਦਾ ਹੈ। ਪੰਜਾਬ ਦੀਆਂ ਰਾਜਨੀਤਕ ਪੱਤਰਕਾਵਾਂ ਜਿਵੇਂ ਗ਼ਦਰ, ਗਦਰ ਗੂੰਜਾਂ ਆਦਿ ਜਿਨ੍ਹਾਂ ਦਾ ਮਕਸਦ ਲੋਕਾਂ ਵਿੱਚ ਆਜ਼ਾਦੀ ਦੀ ਚਿਣਗ ਪੈਦਾ ਕਰਨਾ ਸੀ, ਦੇ ਪ੍ਰਕਾਸ਼ਨ ਤੋਂ ਬਾਅਦ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਕਈ ਸਮਰੱਥ ਸਾਹਿਤਕਾਰਾਂ ਜਿਵੇਂ ਪ੍ਰੋ: ਮੋਹਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ, ਦਰਸ਼ਨ ਸਿੰਘ ਅਗੇਰੀ ਆਦਿ ਨੇ ਸਾਹਿਤਕ ਪੱਤਰਕਾਵਾਂ ਦੇ

ਸੰਪਾਦਨ ਦਾ ਕੰਮ ਸੰਭਾਲਿਆ। ਗੁਰਚਰਨ ਸਿੰਘ ਸਹਿਸਰਾ ਸਾਹਿਤਕ ਪੱਤਰਕਾਰੀ ਦੇ ਸੰਬੰਧ ਵਿਚ ਲਿਖਦੇ ਹਨ,

> "ਇਸ ਸਦੀ ਦੇ ਤੀਸਰੇ ਅਤੇ ਚੌਥੇ ਦਹਾਕੇ ਵਿਚ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦੇ ਇਤਿਹਾਸ ਵਿਚ 'ਪ੍ਰੀਤਮ (1923), ਫੁਲਵਾੜੀ (1924) ਅਤੇ ਪ੍ਰੀਤਲੜੀ (1933) ਤਿੰਨ ਪ੍ਰਮੁੱਖ ਪੱਤਰ ਸਨ ਜਿਨ੍ਹਾਂ ਦੀ ਪ੍ਰਕਾਸ਼ਨਾ ਦਾ ਉਦੇਸ਼ ਸਾਹਿਤਕ ਮਿੱਥਿਆ ਗਿਆ ਸੀ।"

ਪੰਜਾਬੀ ਦੀਆਂ ਆਰੰਭਲੀਆਂ ਸਾਹਿਤਕ ਪੱਤਰਕਾਵਾਂ ਮੁੱਖ ਤੌਰ ਤੇ ਤਿੰਨ ਪੱਖਾਂ ਨੂੰ ਸਮਰਪਿਤ ਸਨ ਜਿਵੇਂ ਕਿ ਆਜ਼ਾਦੀ, ਸਾਹਿਤ ਅਤੇ ਸਮਾਜ ਸੁਧਾਰ। ਇਹਨਾਂ ਵਿੱਚ ਪ੍ਰਕਾਸ਼ਤ ਹੋਣ ਵਾਲੇ ਸਾਰੇ ਸਾਹਿਤ ਰੂਪ ਕਹਾਣੀ, ਲੇਖ, ਕਵਿਤਾ, ਗੀਤ, ਗਜ਼ਲ, ਜੀਵਨੀ ਆਦਿ ਦਾ ਵਿਸ਼ਾ ਹਮੇਸ਼ਾ ਇਹਨਾਂ ਤਿੰਨਾਂ ਪੱਖਾਂ ਉਪਰ ਕੇਂਦਰਿਤ ਰਿਹਾ। ਇਹਨਾਂ ਤੋਂ ਇਲਾਵਾ ਮੌਜੀ, ਕਵਿਤਾ, ਕਿਰਪਾਣੀ, ਪ੍ਰੀਤ ਸੈਨਿਕ, ਪੰਜ ਦਰਿਆ, ਪੰਜਾਬੀ ਰਸ, ਪੰਜਾਬੀ ਸਾਹਿਤ ਆਦਿ ਨਿਰੋਲ ਸਾਹਿਤਕ ਅਤੇ ਆਲੋਚਨਾਤਮਕ ਪੱਤਰਕਾਵਾਂ ਦਾ ਵੀ 'ਸਾਹਿਤਕ ਪੱਤਰਕਾਰੀ' ਨੂੰ ਨਿਖਾਰਨ ਵਿੱਚ ਅਹਿਮ ਯੋਗਦਾਨ ਹੈ।

ਪਹਿਲੇ ਸਰੂਪ ਦੀਆਂ ਮਾਨਤਾਵਾਂ ਉਪਰ ਆਧਾਰਿਤ ਸਾਹਿਤਕ ਪੱਤਰਕਾਰੀ ਸਾਹਿਤ ਦੇ ਵਧੇਰੇ ਨੇੜੇ ਹੈ। ਇਸੇ ਲਈ ਇਸਦੇ ਸਰੋਕਾਰ ਵੀ ਸਾਹਿਤ ਵਾਲੇ ਹੀ ਹਨ।

ਪਹਿਲੇ ਸਰੂਪ ਦੀਆਂ ਮਾਨਤਾਵਾਂ ਅਨੁਸਾਰ ਸਾਹਿਤਕ ਪੱਤਰਕਾਰੀ ਦੇ ਸਰੋਕਾਰਾਂ ਬਾਰੇ ਚਰਚਾ ਕਰਨ ਤੋਂ ਬਾਅਦ ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵੇਰਵਾ ਇਸ ਪ੍ਰਕਾਰ ਹਨ।

1) ਸਾਹਿਤਕ ਪੱਤਰਕਾਰੀ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ।
2) ਸਾਹਿਤਕ ਪੱਤਰਕਾਰੀ ਦੀ ਇੱਕ ਮੁੱਖ ਵਿਸ਼ੇਸ਼ਤਾ ਪੰਜਾਬੀ ਸਾਹਿਤ ਨੂੰ ਕਵਿਤਾ ਦੀ ਵਿਸ਼ਾਲ ਫੁਲਵਾੜੀ ਵਿੱਚੋਂ ਕੱਢ ਕੇ ਵਾਰਤਕ ਦਾ ਰੂਪ ਪ੍ਰਦਾਨ ਕਰਨਾ ਸੀ।

M T W T F S S
Page No.
Date:
RSM

# ਸਾਹਿਤਕ ਪੱਤਰਕਾਰੀ ਸੰਬੰਧੀ [illegible]

[illegible]

ਪੰਜਾਬੀ 'ਸਾਹਿਤਕ ਪੱਤਰਕਾਰੀ' ਸੰਬੰਧੀ ਲਗਭਗ ਸਮੂਹ ਉਹਨਾਂ ਵਿਦਵਾਨਾਂ ਦਾ ਹੈ ਜਿਹੜੇ ਕਿ ਪੱਛਮ ਦੀ ਸਾਹਿਤਕ ਪੱਤਰਕਾਰੀ ਦਾ ਅਨੁਸਰਨ ਕਰਦੇ ਹਨ। ਇਹਨਾਂ ਵਿਦਵਾਨਾਂ ਦਾ ਮਤ ਹੈ ਕਿ ਪੱਤਰਕਾਰੀ ਤਾਂ ਸਾਹਿਤ ਵਿਚ ਸ਼ਾਮਿਲ ਨਹੀਂ ਹੋ ਸਕਦੀ। ਪਰ ਜਦੋਂ ਸਾਹਿਤ ਪੱਤਰਕਾਰੀ ਵਿਚ ਸ਼ਾਮਿਲ ਹੁੰਦਾ ਹੈ ਅਤੇ ਜਦੋਂ ਪੱਤਰਕਾਰੀ ਸਾਹਿਤ ਦੀ ਸ਼ੈਲੀ ਅਤੇ ਭਾਸ਼ਾ ਦੀ ਵਰਤੋਂ ਕਰਕੇ ਕਿਸੇ ਸੱਚੀ ਘਟਨਾ ਜਾਂ ਸਰੂਪ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦੀ ਹੈ ਤਾਂ ਇਸ ਨੂੰ ਸਾਹਿਤਕ ਪੱਤਰਕਾਰੀ ਕਿਹਾ ਜਾਂਦਾ ਹੈ। ਅਮਰਜੀਤ ਸਿੰਘ [illegible] ਸਾਹਿਤਕ ਪੱਤਰਕਾਰੀ ਦੇ ਸੰਕਲਪ ਨੂੰ ਉਭਾਰਦੇ ਹੋਏ ਲਿਖਦੇ ਹਨ:

> "ਪੱਤਰਕਾਰੀ ਵਿੱਚ ਸੱਚ ਆਧਾਰਿਤ ਜਾਣਕਾਰੀ ਦਾ ਅੰਸ਼ ਤਸੀਰੀ ਹੁੰਦਾ ਹੈ ਅਤੇ ਸਾਹਿਤ ਵਿੱਚ ਕਲਪਨਾ ਦਾ ਅੰਸ਼ ਮਹੱਤਵਪੂਰਨ ਹੈ। ਪਰ ਇੱਕ ਗੱਲ ਬੜੀ ਸਪੱਸ਼ਟ ਹੈ ਕਿ ਪੱਤਰਕਾਰੀ ਸਾਹਿਤ ਵਿੱਚ ਪਰਵੇਸ਼ ਨਹੀਂ ਕਰ ਸਕਦੀ ਪਰ ਸਾਹਿਤ ਸੂਖਮ ਰੂਪ ਵਿੱਚ ਪੱਤਰਕਾਰੀ ਦੇ ਸਰੀਰ ਦਾ ਅੰਗ ਬਣ ਜਾਂਦਾ ਹੈ।"

ਪੰਜਾਬੀ ਦੀ ਸਾਹਿਤਕ ਪੱਤਰਕਾਰੀ ਬਾਰੇ ਸਰੂਪ ਦੇ ਸਮਰਥਕ ਵਿਦਵਾਨਾਂ ਵੱਲੋਂ ਦਿੱਤੀ ਪਰਿਭਾਸ਼ਾ ਨੂੰ ਸਮਝਣ ਅਤੇ ਪਰਖਣ ਤੋਂ ਪਹਿਲਾਂ ਪੱਛਮੀ 'ਸਾਹਿਤਕ ਪੱਤਰਕਾਰੀ' ਸੰਬੰਧੀ ਜਾਣਿਆ ਜਾਵੇ। ਪੱਛਮੀ ਸਾਹਿਤਕ ਪੱਤਰਕਾਰੀ ਦਾ ਆਰੰਭ ਅਮਰੀਕਾ ਵਿੱਚ 1960 ਦੇ ਅੰਤਲੇ 1970 ਦੇ ਮੁੱਢਲੇ ਸਾਲਾਂ ਵਿੱਚ ਹੋਇਆ। ਸਾਹਿਤਕ ਪੱਤਰਕਾਰੀ ਨੂੰ ਅੰਗਰੇਜ਼ੀ ਵਿੱਚ litrary Journalism ਕਿਹਾ ਜਾਂਦਾ ਹੈ। 1960 ਤੋਂ ਬਾਅਦ ਅਮਰੀਕਾ ਇੱਕ ਬਹੁਤ ਵੱਡੇ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਜਿਸ ਕਾਰਨ ਬਹੁਤ ਸਾਰੀ ਗੜਬੜੀ ਅਤੇ ਅਸ਼ਾਂਤੀ ਦਾ ਮਾਹੌਲ ਪੈਦਾ ਹੋ ਗਿਆ ਸੀ। ਅਮਰੀਕਾ ਵਿਚ ਇਹਨਾਂ ਬਦਲਾਵਾਂ ਪਿੱਛੇ ਦੇ ਕਈ ਕਾਰਨ ਸਨ ਜਿਵੇਂ ਕਿ ਅਮਰੀਕੀ ਰਾਸ਼ਟਰਪਤੀ ਜੌਹਨ ਐਫ਼ ਕੈਨੇਡੀ ਦੀ ਮੌਤ, ਵੀਅਤਨਾਮ ਵਿਚਲੇ ਯੁੱਧ ਖ਼ਿਲਾਫ਼ ਅਮਰੀਕੀ ਵਿਦਿਆਰਥੀਆਂ ਦਾ ਵਿਰੋਧ ਅਤੇ ਇਸਦੇ ਨਾਲ ਹੀ ਕਾਲੇ ਅਮਰੀਕੀਆਂ ਵੱਲੋਂ ਬਰਾਬਰੀ ਦੇ ਮੌਕੇ ਨੂੰ ਲੈ ਕੇ ਸਮੂਹਿਕ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ। ਇਸ ਦੌਰ ਵਿੱਚ ਅਮਰੀਕਾ

ਵਿੱਚ ਫ਼ਿਊਡਲਿਜ਼ਮ ਖ਼ਾਸ ਲੋਕਾਂ ਦੀ ਪਕੜ ਵਿਚ ਆ ਗਿਆ ਸੀ। ਇਲੈਕਟ੍ਰਾਨਿਕ ਤੇ ਇਸ਼ਤਿਹਾਰੀ ਮੀਡੀਏ ਦੇ ਵਿਕਾਸ ਨਾਲ ਇਹ ਮੀਡੀਏ ਰਾਹੀਂ ਸਮਾਚਾਰ ਪੱਤਰਾਂ ਅਤੇ ਪੱਤਰਕਾਰਾਂ ਵਲੋਂ ਆਪਣੀ ਜ਼ਿੰਮੇਵਾਰਾਨਾ ਅਤੇ ਮਨੁੱਖਤਾਵਾਦੀ ਸਮੱਸਿਆਂ ਨੂੰ ਸਿੱਧ ਕਰਨ ਦੀ ਬਜਾਏ ਪੇਸ਼ ਹੋ ਰਹੀ ਸੀ। ਇਸ ਦੌਰ ਵਿੱਚ ਹੀ ਪੱਛਮ ਵਿੱਚ ਸਾਹਿਤਕ ਪੱਤਰਕਾਰੀ ਦਾ ਆਗਾਜ਼ ਹੋਇਆ ਹੈ। ਜੋ ਕਿ ਪਾਠਕਾਂ ਦੀ ਪੱਤਰਾਂ ਅਤੇ ਪੱਤਰਕਾਰਾਂ ਸੰਬੰਧੀ ਦਿਲਚਸਪੀ ਨੂੰ ਵਧਾਇਆ ਜਾਂਦਾ ਜਦੋਂ ਪੱਤਰਕਾਰੀ ਦੀ ਗੈਰ ਗਲਪੀ ਵਿਧਾ ਕਿਸੇ ਸੱਚੀ ਘਟਨਾ ਦਾ ਸਾਹਿਤ ਵਿਧੀਆਂ ਗਲਪ ਜੁਗਤਾਂ ਨੂੰ ਵਰਤਦੇ ਹੋਏ ਪਾਠਕਾਂ ਨੂੰ ਪੇਸ਼ ਕਰਵਾਉਂਦੀ ਹੈ ਤਾਂ ਇਸ ਨੂੰ ਸਾਹਿਤਕ ਪੱਤਰਕਾਰੀ ਕਿਹਾ ਜਾਂਦਾ ਹੈ।

ਪੱਛਮੀ ਸਾਹਿਤ ਵਿੱਚ ਹੀ ਸਾਹਿਤਕ ਪੱਤਰਕਾਰੀ ਨੂੰ ਵਾਦ-ਵਿਵਾਦ ਅਤੇ ਬਹਿਸ ਦਾ ਮੁੱਦਾ ਮੰਨਿਆ ਜਾਂਦਾ ਹੈ। ਜਿਆਦਾਤਰ ਪੱਛਮੀ ਵਿਦਵਾਨਾਂ ਦਾ ਮੰਨਣਾ ਹੈ ਕਿ ਸਾਹਿਤਕ ਪੱਤਰਕਾਰੀ ਸਾਹਿਤ ਅਤੇ ਪੱਤਰਕਾਰੀ ਦੋਨਾਂ ਨੂੰ ਸਾਂਝੇ ਰੂਪ ਵਿੱਚ ਵਰਤਦੇ ਹੋਏ ਹੀ ਦੋਨਾਂ ਤੋਂ ਵਾਂਝੀ ਕਿਤੇ ਹੈ।

ਇਸ ਤਰ੍ਹਾਂ 'ਸਾਹਿਤਕ ਪੱਤਰਕਾਰੀ' ਪੱਛਮੀ ਮੁਲਕਾਂ ਵਿੱਚ ਕਈ ਦਹਾਕੇ ਪਹਿਲਾਂ ਇੱਕ ਅਲੱਗ ਵਿਧਾ ਵਜੋਂ ਵਿਕਸਤ ਹੋ ਚੁੱਕੀ ਹੈ ਅਤੇ ਇਸ ਨਾਲ ਸੰਬੰਧਿਤ ਬਹਿਸ ਅਤੇ ਸੰਸ ਵਾਦਾਂ ਵੀ ਹੋਂਦ ਵਿਚ ਆ ਚੁੱਕੀਆਂ ਹਨ। ਪਰ ਪੰਜਾਬੀ ਸਾਹਿਤਕ ਪੱਤਰਕਾਰੀ ਹਾਲੇ ਆਪਣੇ ਆਰੰਭਕ ਪੜਾਅ ਉੱਤੇ ਹੈ। ਜਿਸਦੀਆਂ ਭਵਿੱਖ ਵਿਚ ਅਜੇ ਕਈਆਂ ਸੰਭਾਵਨਾਵਾਂ ਮੌਜੂਦ ਹਨ। ਪੰਜਾਬੀ ਵਿੱਚ ਛਪਣ ਵਾਲੀਆਂ ਕਈ ਅਖਬਾਰਾਂ ਦੇ ਸੰਪਾਦਕ ਸਾਹਿਤਕਾਰ ਅਤੇ ਲੇਖਕ ਹਨ।

ਇਸ ਪ੍ਰਕਾਰ ਪੰਜਾਬੀ ਸਾਹਿਤਕ ਪੱਤਰਕਾਰੀ ਨੂੰ ਪ੍ਰਕਾਸ਼ਿਤ ਕਰਨ ਵਾਲਾ ਦੂਜਾ ਸਰੂਪ ਉਹ ਹੈ ਜੋ ਪੱਛਮੀ ਸਾਹਿਤਕ ਪੱਤਰਕਾਰੀ ਦਾ ਹਮਾਇਤੀ ਹੈ।